Roll No. ..................

Total No. of Questions : 22]

**038**

[Total No. of Printed Pages : 5

**SS**

**2067**

ਸਲਾਨਾ ਪਰੀਖਿਆ ਪ੍ਰਨਾਲੀ

**MUSIC (Tabla) (Theory)**

**(Punjabi, Hindi and English Versions)**

**(Evening Session)**

Time allowed : Three hours

Maximum marks : 60

**(Punjabi Version)**

ਨੋਟ : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ **038** ਜ਼ਰੂਰ ਦਰਜ ਕਰੋ ਜੀ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(iv) ਸਾਰੇ ਪ੍ਰਸ਼ਨ ਜ਼ਰੂਰੀ ਹਨ ।

(v) ਭਾਗ-I ਵਿੱਚ ਇੱਕ ਅੰਕ ਵਾਲੇ ਵਸਤੂਨਿਸ਼ਠ ਪ੍ਰਕਾਰ ਦੇ 7 ਪ੍ਰਸ਼ਨ ਹਨ । ਹਰ ਪ੍ਰਸ਼ਨ ਦਾ ਉੱਤਰ ਲੋੜ ਮੁਤਾਬਕ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿਤਾ ਜਾਣਾ ਚਾਹੀਦਾ ਹੈ । ਭਾਗ-II ਵਿੱਚ ਤਿੰਨ ਅੰਕਾਂ ਦੇ ਛੋਟੇ ਉੱਤਰ ਵਾਲੇ 11 ਪ੍ਰਸ਼ਨ ਹਨ । ਹਰ ਪ੍ਰਸ਼ਨ ਦਾ ਉੱਤਰ 60-80 ਸ਼ਬਦਾਂ ਵਿੱਚ ਦਿੱਤਾ ਜਾਣਾ ਚਾਹੀਦਾ ਹੈ । ਭਾਗ-III ਵਿੱਚ ਪੰਜ ਅੰਕਾਂ ਦੇ ਲੰਮੇ ਉੱਤਰਾਂ ਵਾਲੇ 4 ਪ੍ਰਸ਼ਨ ਹਨ । ਹਰ ਪ੍ਰਸ਼ਨ ਦਾ ਉੱਤਰ ਵਿਸਥਾਰ ਨਾਲ 150-200 ਸ਼ਬਦਾਂ ਵਿੱਚ ਦਿੱਤਾ ਜਾਣਾ ਚਾਹੀਦਾ ਹੈ ।

## ਭਾਗ-I

1. ਪੰ. ਕੰਠੇ ਮਹਾਰਾਜ ਦੇ ਕਿਸੇ ਸ਼ਿਸ਼ ਦਾ ਨਾਂ ਦੱਸੋ ।

2. ਤਬਲਾ ਸੁਤੰਤਰ ਵਾਦਨ ਵਿੱਚ ਉਠਾਨ ਕਦੋਂ ਬਜਾਈ ਜਾਂਦੀ ਹੈ ?

3. ਦੁਪੱਲੀ ਵਿੱਚ ਕਿੰਨੇ ਪ੍ਰਕਾਰ ਦੀ ਲੈਅ ਹੁੰਦੀ ਹੈ ?

4. ਦੀਪਚੰਦੀ ਤਾਲ ਕਿਸ ਗਾਇਨ ਸ਼ੈਲੀ ਨਾਲ ਵਜਾਈ ਜਾਂਦੀ ਹੈ ?

5. ਇੱਕ ਤਾਲ ਦੀ ਦਸਵੀਂ ਮਾਤਰਾ ਤੇ ਕਿਹੜਾ ਬੋਲ ਹੁੰਦਾ ਹੈ ?

6. ਤੀਵਰਾ ਤਾਲ ਕਿਸ ਗਾਇਨ ਸ਼ੈਲੀ ਨਾਲ ਵਜਾਈ ਜਾਂਦੀ ਹੈ ?

7. ਤਿਗੁਣ ਲੈਅ ਕਿਸ ਨੂੰ ਕਹਿੰਦੇ ਹਨ ?

## ਭਾਗ-II

8. ਜਾਤੀ ਜਾਂ ਕਲਾ ਕਿਸਨੂੰ ਕਹਿੰਦੇ ਹਨ ? ਵਿਆਖਿਆ ਕਰੋ ।

9. ਤਿਹਾਈ ਜਾਂ ਪਰਨ ਦੀ ਵਿਆਖਿਆ ਕਰੋ ।

10. ਤਬਲੇ ਦੇ ਫਰੁਖਾਬਾਦ ਘਰਾਣੇ ਦੀਆਂ ਵਿਸ਼ੇਸ਼ਤਾਵਾਂ ਲਿਖੋ ।

11. ਤਬਲੇ ਦੇ ਵੱਖ-ਵੱਖ ਬੋਲਾਂ ਦੀ ਜਾਣਕਾਰੀ ਦਿਓ ।

12. ਪੇਸ਼ਕਾਰ ਕਿਸ ਨੂੰ ਕਹਿੰਦੇ ਹਨ ? ਵਰਨਣ ਕਰੋ ।

13. ਸੰਗੀਤ ਵਿੱਚ ਤਬਲੇ ਦਾ ਕੀ ਮਹੱਤਵ ਹੈ ? ਚਰਚਾ ਕਰੋ ।

14. ਰੂਪਕ ਤਾਲ ਜਾਂ ਝਪਤਾਲ ਨੂੰ ਇਕਗੁਣ ਅਤੇ ਤਿਗੁਣ ਲੈਅਕਾਰੀਆਂ ਵਿੱਚ ਲਿਖੋ ।

15. ਨਗਮੇਂ ਦੀ ਪਰਿਭਾਸ਼ਾ ਦੇ ਕੇ ਰੂਪਕ ਤਾਲ ਵਿੱਚ ਇੱਕ ਨਗਮਾਂ ਲਿਪੀਬਧ ਕਰੋ ।

16. ਤਿੰਨਤਾਲ ਜਾਂ ਝਪਤਾਲ ਵਿੱਚ ਕਾਇਦਾ ਅਤੇ ਇੱਕ ਤਿਹਾਈ ਲਿਪੀਬੱਧ ਕਰੋ ।

17. ਧਮਾਰ ਤਾਲ ਦਾ ਪੂਰਣ ਪਰਿਚੈ ਦਿਓ ।

18. ਰੂਪਕ ਤਾਲ ਵਿੱਚ ਇੱਕ ਟੁਕੜਾ ਲਿਪੀਬਧ ਕਰੋ ।

## ਭਾਗ-III

19. ਤਬਲੇ ਦੇ ਦਿੱਲੀ ਜਾਂ ਲਖਨਊ ਘਰਾਣੇ ਦੀ ਜਾਣਕਾਰੀ ਦਿਓ ।

20. ਪੰ. ਸ਼ਾਮਤਾ ਪ੍ਰਸਾਦ ਦੀ ਜੀਵਨੀ ਲਿਖੋਂ ।

ਜਾਂ

ਤਾਲ ਰਚਨਾ ਦੇ ਸਿਧਾਂਤਾਂ ਦੀ ਚਰਚਾ ਕਰੋ ।

21. ਤਿੰਨਤਾਲ ਜਾਂ ਰੂਪਕ ਤਾਲ ਦਾ ਪੂਰਾ ਪਹਿਚੈ ਦੇ ਕੇ ਉਸਨੂੰ ਇਕਗੁਣ, ਦੋਗੁਣ, ਤਿਗੁਣ ਅਤੇ ਚੌਗੁਣ ਵਿੱਚ ਲਿਪੀਬਧ ਕਰੋ ।

22. ਰੂਪਕ ਤਾਲ ਜਾਂ ਝਪਤਾਲ ਵਿੱਚ ਇੱਕ ਪੇਸ਼ਕਾਰ, ਇੱਕ ਕਾਇਦਾ ਅਤੇ ਇੱਕ ਬੇਦਮ ਤਿਹਾਈ ਲਿਪੀਬਧ ਕਰੋ ।